ਮਾੱਡਲ ਟੈਸਟ ਪੇਪਰ

ਸ਼੍ਰੇਣੀ - ਦਸਵੀਂ

ਵਿਸ਼ਾ - ਸੰਗੀਤ ( ਵਾਦਨ )

ਸੈਸ਼ਨ - 2024-2025

ਸਮਾਂ - 3 ਘੰਟੇ | ਕੁਲ ਅੰਕ - 45

ਭਾਗ – ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ੳ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਦੋ ਸਪਤਕਾਂ ਦੇ ਵਿੱਚ ਕਿੰਨੇ ਸਵਰ ਲੱਗਦੇ ਹਨ?
2. ਥਾਟ ਨੂੰ ਹੋਰ ਕੀ ਕਹਿੰਦੇ ਹਨ?
3. ਠਾਹ ਲੈਅ ਤੋਂ ਕੀ ਭਾਵ ਹੈ?
4. ਮਾਰਜਨੀ ਅਤੇ ਸੰਦੀਪਨੀ ਕੀ ਹਨ?
5. ਸਥਾਈ ਨੂੰ ਹੋਰ ਕੀ ਕਹਿੰਦੇ ਹਨ?
6. ਗ ਅਤੇ ਨੀ ਸਵਰ ਕੋਮਲ, ਕਿਸ ਥਾਟ ਵਿੱਚ ਲੱਗਦੇ ਹਨ?
7. ਚੌਤਾਲ ਨੂੰ ਹੋਰ ਕੀ ਕਹਿੰਦੇ ਹਨ?
8. ਇੱਕਤਾਲ ਕਿਸ ਗਾਇਨ ਸ਼ੈਲੀ ਨਾਲ ਵਜਾਈ ਜਾਂਦੀ ਹੈ?
9. ਰਾਗ ਭੈਰਵ ਕਿਸ ਜਾਤੀ ਦਾ ਰਾਗ ਹੈ?
10. ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
11. ਭੁਪਾਲੀ ਰਾਗ ਦਾ ਗਾਇਨ ਸਮਾਂ ਕੀ ਹੈ? (11x1=11)

(ਅ) ਖਾਲੀ ਥਾਵਾਂ

12. ਸ਼ਰੂਤੀ ਨੂੰ ________ ਵੀ ਕਹਿੰਦੇ ਹਨ।
13. ਪੰ. ਨਿਖਿਲ ਬੈਨਰਜੀ ________ਵਾਦਕ ਸਨ।
14. ਮਾਤਰਾ ਲਈ ________ਚਿੰਨ੍ਹ ਲਗਾਇਆ ਜਾਂਦਾ ਹੈ।
15. ਰਜ਼ਾਖਾਨੀ ਗਤ ________ਮਾਤਰਾ ਤੋਂ ਸ਼ੁਰੂ ਹੁੰਦੀ ਹੈ।
16. ਇੱਕਤਾਲ ਵਿੱਚ ________ਵਿਭਾਗ ਹਨ।
17. ਚੌਤਾਲ ਵਿੱਚ ________ਮਾਤਰਾਵਾਂ ਹੁੰਦੀਆਂ ਹਨ। (6x1=6)

(ਗ) ਸਹੀ/ਗ਼ਲਤ

18. ਨਗਾੜਾ ਇੱਕ ਅਵਨੱਧ ਵਾਦ ਹੈ।
19. ਸਿਤਾਰ ਦਾ ਤੂੰਬਾ ਪੇਠੇ ਦਾ ਬਣਿਆ ਹੁੰਦਾ ਹੈ।
20. ਭਾਤਖੰਡੇ ਜੀ ਨੇ ਦਸ ਥਾਟਾਂ ਦਾ ਸਿਧਾਂਤ ਦਿੱਤਾ।
21. ਇੱਕਤਾਲ ਪੱਛਮੀ ਦੇਸ਼ਾਂ ਤੇ ਤਾਲ ਹੈ।
22. ਰਾਗ ਭੈਰਵ ਦਾ ਵਾਦੀ ਸਵਰ "ਗ" ਹੈ।
23. ਰੂਪਕ ਤਾਲ ਤਬਲੇ ਦੀ ਤਾਲ ਨਹੀਂ ਹੈ। (6x1=6)

ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

24. ਮੱਧ ਸਪਤਕ ਬਾਰੇ ਸੰਖੇਪ ਵਿੱਚ ਲਿਖੋ।
25. ਸਿਤਾਰ ਦੀਆਂ ਖੂੰਟਿਆਂ ਬਾਰੇ ਲਿਖੋ।
26. ਕੋਈ ਦੋ ਥਾਟਾਂ ਬਾਰੇ ਸੰਖੇਪ ਵਿੱਚ ਲਿਖੋ।
27. ਚਿਮਟੇ ਬਾਰੇ ਸੰਖੇਪ ਵਿੱਚ ਲਿਖੋ।
28. ਪੰਡਿਤ ਨਿਖਿਲ ਬੈਨਰਜੀ ਜੀ ਕੀ ਵਜਾਉਂਦੇ ਸਨ? ਇਸ ਬਾਰੇ ਲਿਖੋ।
29. ਲੋਕਗੀਤ ਬਾਰੇ ਸੰਖੇਪ ਵਿੱਚ ਲਿਖੋ।
30. ਰਾਗ ਭੁਪਾਲੀ ਦਾ ਪਰਿਚੈ ਲਿਖੋ।
31. ਰੂਪਕ ਤਾਲ ਨੂੰ ਦੁਗੁਣ ਦੀ ਲੈਅਕਾਰੀ ਵਿੱਚ ਲਿਖੋ। (6x2=12)

ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ।

32. ਥਾਟ ਅਤੇ ਰਾਗ ਦੇ ਨਿਯਮਾਂ ਦੀ ਆਪਸ ਵਿੱਚ ਤੁਲਨਾ ਕਰੋ।
33. ਸਿਤਾਰ ਦੇ ਕੋਈ ਪੰਜ ਅੰਗਾਂ ਬਾਰੇ ਲਿਖੋ।
34. ਰਾਗ ਭੈਰਵ ਵਿੱਚ ਮਸੀਤਖਾਨੀ ਗਤ ਲਿਖੋ।
35. ਤਾਲ ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ। (2x5=10)